# ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ

ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ:172-2623006, 2623207, 2620106
ਫੈਕਸ:0172-2624687 ਈ-ਮੇਲ: ictpunjab@yahoo.com

ਵੱਲ: ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)
ਪੰਜਾਬ।

ਮੀਮੋ ਨੰ:5/3-ICT-2009/Rectt./ 073998

ਮਿਤੀ : 28-10-2009

**ਵਿਸ਼ਾ: ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਅਧੀਨ ਆਈ ਸੀ ਟੀ ਪ੍ਰਾਜੈਕਟ ਤਹਿਤ ਸੇਵਾ ਨਿਭਾ ਰਹੇ ਕੰਪਿਊਟਰ ਅਧਿਆਪਕਾਂ/ਕੰਪਿਊਟਰ ਫ਼ੈਕਲਟੀਜ਼ ਦੇ ਕੰਟਰੈਕਟ ਐਗਰੀਮੈਂਟ ਵਿੱਚ ਇੱਕ-ਸਾਰਤਾ ਲਿਆਉਣ ਦੀ ਮੰਗ ਸਬੰਧੀ।**

1.0 ਉਪਰੋਕਤ ਵਿਸ਼ੇ ਅਧੀਨ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬ ਸੂਚਨਾ ਅਤੇ ਸੰਚਾਰ ਤਕਨਾਲੋਜੀ ਸਿੱਖਿਆ ਸੋਸਾਇਟੀ ਅਧੀਨ ਆਈ ਸੀ ਟੀ ਪ੍ਰਾਜੈਕਟ ਤਹਿਤ ਵੱਖ-2 ਚਰਨਾਂ ( ਫ਼ੇਜ਼-1,2 ਅਤੇ 3) ਵਿੱਚ ਠੇਕਾਦਰ ਆਧਾਰ 'ਤੇ ਭਰਤੀ ਹੋਏ ਕੰਪਿਊਟਰ ਅਧਿਆਪਕਾਂ/ ਕੰਪਿਊਟਰ ਫ਼ੈਕਲਟੀਜ਼ ਨਾਲ ਕੀਤੇ ਕੰਟਰੈਕਟ ਐਗਰੀਮੈਂਟ ਵਿੱਚ ਬਹੁਤ ਸਾਰੀਆਂ ਮੱਦਾਂ ਵਿੱਚ ਇੱਕ-ਸਾਰਤਾ ਨਹੀਂ ਹੈ।

2.0 ਇਸ ਦਫ਼ਤਰ ਨੂੰ ਵੱਖ-2 ਸਮਿਆਂ 'ਤੇ ਕੰਪਿਊਟਰ ਅਧਿਆਪਕਾਂ ਅਤੇ ਸਵੈ-ਸੇਵੀ ਜਥੇਬੰਦੀਆਂ ਵੱਲੋਂ ਫ਼ੇਜ਼-1, 2 ਅਤੇ 3 ਅਧੀਨ ਭਰਤੀ ਹੋਏ ਕੰਪਿਊਟਰ ਅਧਿਆਪਕਾਂ ਦੇ ਕੰਟਰੈਕਟ ਐਗਰੀਮੈਂਟ ਅਤੇ ਅਹੁਦੇ ਵਿੱਚ ਇੱਕ-ਸਾਰਤਾ ਲਿਆਉਣ ਦੀ ਮੰਗ ਸਬੰਧੀ ਬੇਨਤੀਆਂ ਪ੍ਰਾਪਤ ਹੋਈਆਂ ਹਨ।

3.0 ਇਸੇ ਤਰਾਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਦੀਆਂ ਮਹੀਨਾਵਾਰ ਮੀਟਿੰਗਾਂ ਦੌਰਾਨ ਇਹ ਮਸਲਾ ਵਾਰ-2 ਉਠਾਇਆ ਜਾਦਾ ਹੈ ਕਿ ਵੱਖਰੇ-2 ਫ਼ੇਜ਼ਾਂ ਅਧੀਨ ਵੱਖਰੀਆਂ -2 ਮੱਦਾਂ ਕਾਰਨ ਪ੍ਰਸ਼ਾਸ਼ਕੀ ਅਮਲ ਵਿੱਚ ਉਲਝਣਾਂ ਪੈਦਾ ਹੋਣ ਕਾਰਨ ਕਾਨੂੰਨੀ ਚਾਰਾਜੋਈਆਂ ਵਿੱਚ ਗ਼ੈਰ-ਲੋੜੀਂਦਾ ਵਾਧਾ ਹੁੰਦਾ ਰਹਿੰਦਾ ਹੈ ਜਿਸ ਵਿੱਚ ਸੋਸਾਇਟੀ ਦੇ ਮੁੱਖ ਦਫ਼ਤਰ ਸਮੇਤ ਜ਼ਿਲ੍ਹਾ ਦਫ਼ਤਰਾਂ ਦਾ ਕਾਫ਼ੀ ਸਮਾਂ ਬਰਬਾਦ ਹੁੰਦਾ ਹੈ।

3.0 ਇਸ ਲਈ ਇਸ ਚਿਰੋਕਣੀ ਮੰਗ ਨੂੰ ਪੂਰੀ ਕਰਨ ਲਈ ਸਾਰੇ ਕੰਪਿਊਟਰ ਅਧਿਆਪਕਾਂ ਅਤੇ ਕੰਪਿਊਟਰ ਫ਼ੈਕਲਟੀਜ਼ ਦਾ ਰੁਤਬਾ ਇੱਕ-ਸਾਰ ਕਰਦੇ ਹੋਏ ਸਾਰਿਆਂ ਨੂੰ ਕੰਪਿਊਟਰ ਅਧਿਆਪਕ ਸਮਝਿਆ ਜਾਵੇ ਅਤੇ ਸਮੂਹ ਕੰਪਿਊਟਰ ਅਧਿਆਪਕਾਂ 'ਤੇ ਨਾਲ ਨੱਥੀ ਕੰਟਰੈਕਟ ਐਗਰੀਮੈਂਟ ਦੀ ਨਕਲ ਮੁਤਾਬਿਕ ਸ਼ਰਤਾਂ ਲਾਗੂ ਹੋਣਗੀਆਂ।

4.0 ਡਿਪਲੋਮਾ ਹੋਲਡਰ ਕੰਪਿਊਟਰ ਅਧਿਆਪਕ ਜਿਹਨਾਂ ਨੂੰ ਹਾਲੇ ਤੱਕ ਅੱਪਗ੍ਰੇਡ ਨਹੀਂ ਕੀਤਾ ਗਿਆ ਅਤੇ ਜਿਹੜੇ 3500/- ਰੁਪਏ ਮਾਸਿਕ ਤਨਖਾਹ 'ਤੇ ਕੰਮ ਕਰ ਰਹੇ ਹਨ, ਨੂੰ ਇਸ ਵਿੱਚ ਸ਼ਾਮਿਲ ਨਾ ਕੀਤਾ ਜਾਵੇ।

5.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਜ਼ਲਦ ਤੋਂ ਜ਼ਲਦ ਕਾਰਵਾਈ ਕਰਕੇ ਇਸ ਦਫ਼ਤਰ ਨੂੰ ਸੂਚਿਤ ਕਰਨ ਜੀ।

ਨਾਲ ਨੱਥੀ : ਕੰਟਰੈਕਟ ਐਗਰੀਮੈਂਟ ਦੀ ਨਕਲ

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ੍ਹ ।**

ਪਿੱਠ ਅੰਕਣ :- ਉਕਤ -

ਉਪਰੋਕਤ ਦਾ ਉਤਾਰਾ ਸਕੱਤਰ ਸਕੂਲ ਸਿੱਖਿਆ ਜੀ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

**ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ**
**ਪੰਜਾਬ ਆਈ.ਸੀ.ਟੀ. ਐਜੂਕੇਸ਼ਨ ਸੁਸਾਇਟੀ**
**ਪੰਜਾਬ, ਚੰਡੀਗੜ੍ਹ ।**